## ਡਾ. ਫਿਲ ਬ੍ਰਾਇਨ, ਐੱਮ.ਐੱਚ.ਆਰ.ਏ. ਵੈਕਸੀਨਜ਼ ਸੇਫ਼ਟੀ ਲੀਡ ਨੇ ਕਿਹਾ:

ਕੋਵਿਡ-19 ਦੀ ਰੋਕਥਾਮ ਲਈ ਟੀਕੇ ਦੇ ਫਾਇਦੇ, ਹਸਪਤਾਲ ਦਾਖਲ ਹੋਣ ਅਤੇ ਮੌਤ ਹੋਣ ਦੇ ਇਸ ਦੇ ਨਾਲ ਜੁੜੇ ਜੋਖਮਾਂ ਸਹਿਤ, ਮਾੜੇ ਪ੍ਰਭਾਵਾਂ ਦੇ ਜੋਖਮਾਂ ਤੋਂ ਕਿਤੇ ਵੱਧ ਅਹਿਮੀਅਤ ਰੱਖਦੇ ਹਨ। ਲੋਕਾਂ ਨੂੰ ਜਦੋਂ ਕਿਹਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਜਾ ਕੇ ਆਪਣਾ ਕੋਵਿਡ-19 ਟੀਕਾ ਲਗਵਾਉਣਾ ਚਾਹੀਦਾ ਹੈ।

ਅਜੇ ਵੀ ਇਹ ਸਹੀ ਹੈ ਕਿ ਇਸ ਬਾਰੇ ਪੁਸ਼ਟੀ ਨਹੀਂ ਕੀਤੀ ਗਈ ਹੈ ਕਿ ਰਿਪੋਰਟ ਕੀਤੇ ਖ਼ੂਨ ਦੇ ਗਤਲੇ (ਗੰਢਾਂ) ਕੋਵਿਡ-19 ਦੇ ਟੀਕੇ ਐਸਟਰਾਜੈਨੀਕਾ ਕਰਕੇ ਹੋਏ ਸਨ। ਖ਼ੂਨ ਦੇ ਗਤਲੇ ਸੁਭਾਵਿਕ ਰੂਪ ਵਿੱਚ ਬਣ ਸਕਦੇ ਹਨ ਅਤੇ ਇਹ ਅਸਧਾਰਨ ਗੱਲ ਨਹੀਂ ਹੈ।

ਟੀਕੇ ਦੀ ਵਿਆਪਕ ਵਰਤੋਂ ਦੌਰਾਨ ਸਾਡੀ ਭੂਮਿਕਾ ਲਗਾਤਾਰ ਇਸ ਦੀ ਸੁਰੱਖਿਆ ਦਾ ਨਿਰੀਖਣ ਕਰਨ ਦੀ ਹੈ। ਅਸੀਂ ਟੀਕੇ ਦੀ ਅਸਰਦਾਇਕਤਾ ਅਤੇ ਪ੍ਰਭਾਵ ਦੀ ਸਮੀਖਿਆ ਕਰਨ ਲਈ ਆਪਣੀ ਜਨ ਸਿਹਤ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਨੇੜੇ ਹੋ ਕੇ ਕੰਮ ਕਰਦੇ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਦੇ ਫ਼ਾਇਦੇ ਲਗਾਤਾਰ ਕਿਸੇ ਸੰਭਾਵੀ ਮਾੜੇ ਪ੍ਰਭਾਵਾਂ ਤੋਂ ਜ਼ਿਆਦਾ ਮਹੱਤਵਪੂਰਨ ਬਣੇ ਰਹਿਣ।
ਲੋਕਾਂ ਨੂੰ ਜਦੋਂ ਕਿਹਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਜਾ ਕੇ ਆਪਣਾ ਕੋਵਿਡ-19 ਟੀਕਾ ਲਗਵਾਉਣਾ ਚਾਹੀਦਾ ਹੈ।

ਅਗਲੇਰੇ ਵੇਰਵਿਆਂ ਲਈ, ਸਾਡਾ 11 ਮਾਰਚ ਨੂੰ ਪ੍ਰਕਾਸ਼ਤ ਬਿਆਨ ਅਤੇ ਸਲਾਹ ਦੇਖੋ।